''ਹਿੰਮਤ ਦੇ ਆਧਾਰ ਤੇ ਖੁਦ ਨੂੰ ਮਿਹਨਤ ਮੁਕਤ ਸਦਾ ਵਿਜੇਈ ਅਨੁਭਵ ਕਰੋ''

ਅੱਜ ਨਵਯੁਗ ਰਚਿਯਤਾ ਬਾਪਦਾਦਾ ਆਪਣੇ ਅਤਿ ਸਨੇਹੀ, ਸਦਾ ਸਹਿਯੋਗੀ ਅਤੇ ਅਤੇ ਸਮੀਪ ਬੱਚਿਆਂ ਨੂੰ ਨਵ ਯੁਗ, ਨਵ ਜੀਵਨ ਅਤੇ ਨਵੇਂ ਵਰ੍ਹੇ ਦੀ ਮੁਬਾਰਕ ਦੇਣ ਆਏ ਹਨ। ਚਾਰੋਂ ਪਾਸੇ ਦੇ ਬੱਚੇ ਅਤਿ ਸਨੇਹ ਨਾਲ ਬਾਪਦਾਦਾ ਨੂੰ ਦਿਲ ਵਿੱਚ ਸਮੁੱਖ ਰੱਖ ਮੁਬਾਰਕ ਲੈ ਰਹੇ ਹਨ। ਬਾਪਦਾਦਾ ਬੱਚਿਆਂ ਦੇ ਨਵੇਂ ਵਰ੍ਹੇ ਦੇ ਉਮੰਗ -ਉਤਸ਼ਾਹ ਨੂੰ ਦੇਖ ਹਰਸ਼ਿਤ ਹੋ ਰਹੇ ਹਨ। ਮੈਜੋਰਿਟੀ ਬੱਚੇ ਭਾਵੇਂ ਦੂਰ ਬੈਠੇ ਹਨ, ਭਾਵੇਂ ਕੋਲ ਬੈਠੇ ਹਨ ਸਭ ਦੇ ਮਨ ਵਿੱਚ ਇਹ ਹੀ ਉਮੰਗ -ਉਤਸ਼ਾਹ ਹੈ ਕਿ ਇਸ ਵਰ੍ਹੇ ਵਿੱਚ ਨਵੀਨਤਾ ਕਰਕੇ ਹੀ ਦਿਖਾਓਣਗੇ। ਭਾਵੇਂ ਖੁਦ ਦੇ ਪਰਿਵਰਤਨ ਵਿੱਚ, ਭਾਵੇਂ ਸੇਵਾ ਦੀ ਸਫ਼ਲਤਾ ਵਿੱਚ, ਭਾਵੇਂ ਹਰ ਆਤਮਾ ਨੂੰ ਸ਼ੁਭ ਭਾਵਨਾ, ਸ਼ੁਭ ਕਾਮਨਾ ਦਵਾਰਾ ਪਰਿਵਰਤਨ ਕਰਨ ਵਿੱਚ ਉਮੰਗ ਵੀ ਚੰਗਾ ਹੈ, ਉਤਸ਼ਾਹ ਵੀ ਬਹੁਤ ਚੰਗਾ ਹੈ। ਨਾਲ - ਨਾਲ ਹਿੰਮਤ ਵੀ ਯਥਾ ਸ਼ਕਤੀ ਹੈ। ਬਾਪਦਾਦਾ ਅਜਿਹੇ ਹਿੰਮਤ ਵਾਲੇ ਬੱਚਿਆਂ ਨੂੰ ਇੱਕ ਸੰਕਲਪ ਦੇ ਪਿੱਛੇ ਪਦਮਗੁਣਾ ਮਦਦ ਜਰੂਰ ਦਿੰਦੇ ਹਨ। ਇਸਲਈ ਹਿੰਮਤ ਨਾਲ ਸਦਾ ਅੱਗੇ ਵੱਧਦੇ ਚੱਲੋ। ਕਦੀ ਵੀ ਖੁਦ ਪ੍ਰਤੀ ਜਾਂ ਹੋਰ ਆਤਮਾਵਾਂ ਦੇ ਪ੍ਰਤੀ ਹਿੰਮਤ ਨੂੰ ਘੱਟ ਨਹੀਂ ਕਰਨਾ ਕਿਉਂਕਿ ਇਹ ਨਵਾਂ ਯੁਗ ਹੈ ਹੀ ਹਿੰਮਤ ਰੱਖਣ ਨਾਲ ਉੱਡਣ ਦਾ ਯੁਗ, ਵਰਦਾਨੀ ਯੁਗ, ਪੁਰਸ਼ੋਤਮ ਯੁਗ, ਡਾਇਰੈਕਟ ਵਿਧਾਤਾ ਦਵਾਰਾ ਸਰਵ ਸ਼ਕਤੀਆਂ ਵਰਸੇ ਵਿੱਚ ਸਹਿਜ ਪ੍ਰਾਪਤ ਹੋਣ ਦਾ ਯੁਗ, ਇਸਲਈ ਇਸ ਯੁਗ ਦੇ ਮਹੱਤਵ ਨੂੰ ਸਦਾ ਸਮ੍ਰਿਤੀ ਵਿੱਚ ਰੱਖੋ। ਕੋਈ ਵੀ ਕੰਮ ਸ਼ੁਰੂ ਕਰਦੇ ਹੋ ਭਾਵੇਂ ਖੁਦ ਪੁਰਸ਼ਾਰਥ, ਭਾਵੇਂ ਵਿਸ਼ਵ ਸੇਵਾ, ਸਦਾ ਹਿੰਮਤ ਅਤੇ ਬਾਪਦਾਦਾ ਦੀ ਮਦਦ ਦਵਾਰਾ ਨਿਸ਼ਚੇ ਹੈ ਹੀ ਕਿ ਖੁਦ ਪੁਰਸ਼ਾਰਥ ਵਿੱਚ ਅਤੇ ਸੇਵਾ ਵਿੱਚ ਸਫ਼ਲਤਾ ਹੋਈ ਪਈ ਹੈ। ਹੋਣਾ ਹੀ ਹੈ। ਅਸੰਭਵ, ਸੰਭਵ ਹੋਣਾ ਹੀ ਹੈ ਕਿਉਂਕਿ ਇਹ ਯੁਗ ਸਫ਼ਲਤਾ ਦਾ ਯੁਗ ਹੈ। ਅਸੰਭਵ, ਸੰਭਵ ਹੋਣ ਦਾ ਯੁਗ ਹੈ। ਇਸਲਈ ਹੋਵੇਗਾ ਜਾਂ ਨਹੀਂ ਹੋਵੇਗਾ, ਕਿਵੇਂ ਹੋਵੇਗਾ, ਇਸਦਾ ਕਵੇਸ਼ਚਨ ਇਸ ਯੁਗ ਵਿੱਚ ਤੁਸੀਂ ਬ੍ਰਾਹਮਣ ਆਤਮਾਵਾਂ ਦੇ ਲਈ ਹੈ ਹੀ ਨਹੀਂ। ਬ੍ਰਾਹਮਣਾਂ ਦੀ ਜਨਮ ਪਤਰੀ ਵਿੱਚ ਹੈ ਸਫ਼ਲਤਾ ਉਸਦਾ ਜਨਮ ਸਿੱਧ ਅਧਿਕਾਰ ਹੈ। ਅਧਿਕਾਰੀ ਆਤਮਾਵਾਂ ਨੂੰ ਇਹ ਸੋਚਣ ਦੀ ਜਰੂਰਤ ਨਹੀਂ ਹੈ, ਵਰਸਾ ਮਿਲਣਾ ਹੀ ਹੈ। ਤਾਂ ਨਵੇਂ ਵਰ੍ਹੇ ਵਿੱਚ ਇਹ ਵਿਸ਼ੇਸ਼ ਸਮ੍ਰਿਤੀ ਇਮਰਜ਼ ਕਰੋ ਕਿ ਸਭ ਪਾਸੇ ਤੋਂ ਸਫ਼ਲਤਾ ਮੇਰਾ ਸ਼੍ਰੇਸ਼ਠ ਆਤਮਾ ਦਾ ਅਧਿਕਾਰ ਹੈ ਹੀ। ਇਸ ਨਿਸ਼ਚੇ ਨਾਲ, ਰੂਹਾਨੀ ਨਸ਼ੇ ਨਾਲ ਉੱਡਦੇ ਚੱਲੋ। (ਅਭਿਮਾਨੀ ਨਸ਼ਾ ਨਹੀਂ, ਰੂਹਾਨੀ ਨਸ਼ਾ) ਨਿਸ਼ਚੇ ਬੁੱਧੀ ਸਦਾ ਹਰ ਕੰਮ ਵਿੱਚ ਸਦਾ ਵਿਜੇਈ ਹਨ ਹੀ ਹਨ। ਅਜਿਹੇ ਨਿਸ਼ਚੇ ਬੁੱਧੀ ਬ੍ਰਾਹਮਣ ਆਤਮਾ ਦੇ ਮਸਤੱਕ ਤੇ ਵਿਜੇ ਦੀ ਤਕਦੀਰ ਦੀ ਲਕੀਰ ਸਦਾ ਹੈ ਹੀ ਹੈ। ਵਿਜੇ ਦਾ ਤਿਲਕ ਸਦਾ ਮੱਥੇ ਤੇ ਚਮਕ ਰਿਹਾ ਹੈ। ਇਸਲਈ ਇਸ ਵਰ੍ਹੇ ਨੂੰ ਸਦਾ ਵਿਜੇਈ ਵਰ੍ਹਾ ਅਨੁਭਵ ਕਰਦੇ ਚੱਲੋ। ਅਜਿਹਾ ਨਿਸ਼ਚੇ ਅਤੇ ਨਸ਼ਾ ਹੈ? ਡਬਲ ਵਿਦੇਸ਼ੀਆਂ ਨੂੰ ਹੈ? ਡਬਲ ਵਿਦੇਸ਼ੀ ਹੁਸ਼ਿਆਰ ਹਨ। (ਸਭਨੇ ਹੱਥ ਹਿਲਾਇਆ) ਬਹੁਤ ਵਧੀਆ। ਤਿਲਕ ਨਜ਼ਰ ਆ ਰਿਹਾ ਹੈ। ਅਤੇ ਭਾਰਤਵਾਸੀ ਤੇ ਹੈ ਹੀ ਭਾਗਵਾਨ ਕਿਉਂ? ਭਾਰਤ ਦੀ ਧਰਨੀ ਹੀ ਭਾਗਵਾਨ ਹੈ। ਇਸਲਈ ਭਾਵੇਂ ਵਿਦੇਸ਼ੀ, ਭਾਵੇਂ ਭਾਰਤਵਾਸੀ ਦੋਵੇਂ ਹੀ ਭਾਗਵਿਧਾਤਾ ਦੇ ਬੱਚੇ ਹਨ ਇਸਲਈ ਹਰ ਬ੍ਰਾਹਮਣ ਬੱਚਾ ਵਿਜੇਈ ਹੈ। ਸਿਰਫ਼ ਹਿੰਮਤ ਨੂੰ ਇਮਰਜ਼ ਕਰੋ। ਹਿੰਮਤ ਸਮਾਈ ਹੋਈ ਹੈ ਕਿਉਂਕਿ ਮਾਸਟਰ ਸਰਵਸ਼ਕਤੀਵਾਨ ਹੋ। ਅਜਿਹੇ ਹੋ ਨਾ? (ਸਭ ਹੱਥ ਹਿਲਾ ਰਹੇ ਹਨ) ਹੱਥ ਤੇ ਬਹੁਤ ਚੰਗਾ ਹਿਲਾਉਂਦੇ ਹਨ। ਹੁਣ ਮਨ ਤੋਂ ਵੀ ਸਦਾ ਹਿੰਮਤ ਦਾ ਹੱਥ ਹਿਲਾਉਂਦੇ ਰਹਿਣਾ। ਬਾਪਦਾਦਾ ਨੂੰ ਖੁਸ਼ੀ ਹੈ, ਨਾਜ਼ ਹੈ ਕਿ ਮੇਰਾ ਇੱਕ - ਇੱਕ ਬੱਚਾ ਅਨੇਕ ਵਾਰ ਵਿਜੇਈ ਹੈ। ਇਕ ਵਾਰ ਨਹੀਂ, ਅਨੇਕ ਵਾਰ ਦੀਆਂ ਵਿਜੇਈ ਆਤਮਾਵਾਂ ਹੋ। ਤਾਂ ਕਦੀ ਇਹ ਨਹੀਂ ਸੋਚਣਾ, ਪਤਾ ਨਹੀਂ ਕੀ ਹੋਵੇਗਾ? ਹੋਵੇਗਾ ਸ਼ਬਦ ਨਹੀਂ ਲਿਆਉਣਾ। ਵਿਜੇਈ ਹਾਂ ਅਤੇ ਸਦਾ ਰਹਾਂਗੇ। ਸਭ ਪੱਕੇ ਹਨ? ਬਹੁਤ ਵਧੀਆ। ਹੁਣ ਫਿਰ ਉੱਥੇ ਜਾਕੇ ਕਮਜ਼ੋਰ ਸਮਾਚਾਰ ਨਹੀਂ ਲਿਖਣਾ ਕਿ ਦਾਦੀਆਂ, ਬਾਬਾ ਮਾਇਆ ਆ ਗਈ, ਇਵੇਂ ਨਹੀਂ ਲਿਖਣਾ। ਮਾਇਆਜੀਤ ਹਾਂ। ਅਸੀਂ ਨਹੀਂ ਹੋਵਾਂਗੇ ਤਾਂ ਹੋਰ ਕੌਣ ਹੋਵੇਗਾ, ਇਹ ਰੂਹਾਨੀ ਨਸ਼ਾ ਇਮਰਜ਼ ਕਰੋ। ਹੋਰ - ਹੋਰ ਕੰਮ ਵਿੱਚ ਮਨ ਅਤੇ ਬੁੱਧੀ ਬਿਜ਼ੀ ਹੋ ਜਾਂਦੀ ਹੈ ਨਾ ਤਾਂ ਨਸ਼ਾ ਮਰਜ਼ ਹੋ ਜਾਂਦਾ ਹੈ। ਪਰ ਵਿੱਚ - ਵਿੱਚ ਚੈਕ ਕਰੋ ਕਿ ਕਰਮ ਕਰਦੇ ਹੋਏ ਵੀ ਇਹ ਵਿਜੇਈਪਨ ਦਾ ਰੂਹਾਨੀ ਨਸ਼ਾ ਹੈ? ਨਿਸ਼ਚੇ ਹੋਵੇਗਾ ਤਾਂ ਨਸ਼ਾ ਜ਼ਰੂਰ ਹੋਵੇਗਾ। ਨਿਸ਼ਚੇ ਦੀ ਨਿਸ਼ਾਨੀ ਨਸ਼ਾ ਹੈ ਅਤੇ ਨਸ਼ਾ ਹੈ ਤਾਂ ਜਰੂਰ ਨਿਸ਼ਚੇ ਹੈ। ਦੋਵਾਂ ਦਾ ਸੰਬੰਧ ਹੈ। ਇਸਲਈ ਹਾਲੇ 99 ਵਿੱਚ ਆਪਣਾ ਨਸ਼ਾ ਸਦਾ ਇਮਰਜ਼ ਰੱਖਣਾ, ਤਾਂ ਅਭੁੱਲ ਹੋ ਜਾਵੋਗੇ। ਨਾ ਭੁੱਲ ਹੋਵੇਗੀ, ਨਾ ਮਿਹਨਤ ਹੋਵੇਗੀ। ਬਾਪਦਾਦਾ ਨੇ ਪਹਿਲੇ ਵੀ ਕਿਹਾ ਹੈ ਕਿ ਜਦੋਂ ਬਾਪਦਾਦਾ ਬੱਚਿਆਂ ਨੂੰ ਮਿਹਨਤ ਕਰਦੇ ਹੋਏ ਦੇਖਦੇ ਹਨ, ਯੁੱਧ ਕਰਦੇ ਹੋਏ ਦੇਖਦੇ ਹਨ ਤਾਂ ਬੱਚਿਆਂ ਦੀ ਮਿਹਨਤ ਕਰਨਾ ਬਾਪ ਨੂੰ ਚੰਗਾ ਨਹੀਂ ਲਗਦਾ ਹੈ ਇਸਲਈ ਇਸ ਨਵੇਂ ਵਰ੍ਹੇ ਨੂੰ ਕਿਵੇਂ ਮਨਾਓਗੇ! ਮੁਕਤੀ ਵਰ੍ਹਾ ਮਨਾਇਆ। ਨੇਗਟਿਵ, ਵੇਸ੍ਰ ਨੂੰ ਖ਼ਤਮ ਕੀਤਾ ਤਾਂ ਇਹ ਵਰ੍ਹਾ ਆਟੋਮੇਟਿਕ ਮਿਹਨਤ ਮੁਕਤ ਵਰ੍ਹਾ ਹੋ ਜਾਏਗਾ। ਸਭ ਮੌਜ ਵਿੱਚ ਰਹਿਣ ਵਾਲੇ, ਮਿਹਨਤ ਕਰਨ ਵਾਲੇ ਨਹੀਂ। ਮੌਜ ਚੰਗੀ ਲੱਗਦੀ ਹੈ ਜਾਂ ਮਿਹਨਤ ਚੰਗੀ ਲੱਗਦੀ ਹੈ? ਮੌਜ ਚੰਗੀ ਲੱਗਦੀ ਹੈ ਨਾ? ਤਾਂ ਇਹ ਵਰ੍ਹਾ ਮਨ ਵਿੱਚ, ਸੰਕਲਪ ਵਿੱਚ ਵੀ ਮਿਹਨਤ ਮੁਕਤ ਹੋਵੇ।

ਬਾਪਦਾਦਾ ਦੇ ਕੋਲ ਬੱਚਿਆਂ ਦੇ ਪੱਤਰ ਅਤੇ ਚਿੱਟਕੀਆਂ ਬਹੁਤ ਚੰਗੀਆਂ -ਚੰਗੀਆਂ ਹਿੰਮਤ ਦੀਆਂ ਆਈਆ ਹਨ ਕਿ ਅਸੀਂ ਹੁਣ ਤੋਂ 108 ਦੀ ਮਾਲਾ ਵਿੱਚ ਜਰੂਰ ਆਵਾਂਗੇ। ਬਹੁਤਿਆਂ ਦੇ ਚੰਗੇ - ਚੰਗੇ ਉਮੰਗ ਦੇ ਪੱਤਰ ਵੀ ਆਏ ਹਨ ਅਤੇ ਰੂਹਰਿਹਾਨ ਵਿੱਚ ਵੀ ਬਹੁਤਿਆਂ ਨੇ ਬਾਪਦਾਦਾ ਨੂੰ ਆਪਣੇ ਨਿਸਚੈ ਅਤੇ ਹਿੰਮਤ ਦਾ ਚੰਗਾ ਸਮਾਚਾਰ ਦਿੱਤਾ ਹੈ। ਬਾਪਦਾਦਾ ਅਜਿਹੇ ਬੱਚਿਆਂ ਨੂੰ ਕਹਿੰਦੇ ਹਨ

-ਬਾਪ ਨੇ ਤੁਹਾਡੇ ਸਭਦੀ ਬੀਤੀ ਨੂੰ ਬਿੰਦੂ ਲੱਗਾ ਦਿੱਤਾ ਹੈ। ਇਸਲਈ ਬੀਤੀਆਂ ਗੱਲਾਂ ਨੂੰ ਸੋਚੋਂ ਨਹੀਂ, ਹੁਣ ਜੋ ਹਿੰਮਤ ਰੱਖੀ ਹੈ, ਹਿੰਮਤ ਅਤੇ ਮਦਦ ਨਾਲ ਅੱਗੇ ਵੱਧਦੇ ਚੱਲੋ। ਨਵੇਂ ਵਰ੍ਹੇ ਦੇ ਨਵੇਂ ਉਮੰਗ ਵੀ ਬਹੁਤ ਵਧੀਆ - ਵਧੀਆ ਲਿਖੇ ਹਨ ਭਾਵੇਂ ਵਿਦੇਸ਼ ਦੇ ਬੱਚਿਆਂ ਨੇ, ਭਾਵੇਂ ਦੇਸ਼ ਦੇ ਬੱਚਿਆਂ ਨੇ, ਬਾਪਦਾਦਾ ਇਹਨਾਂ ਬੱਚਿਆਂ ਨੂੰ ਇਹ ਹੀ ਵਰਦਾਨ ਦਿੰਦੇ ਹਨ - ਇਸੇ ਹਿੰਮਤ ਵਿੱਚ, ਨਿਸਚੈ ਵਿੱਚ, ਨਸ਼ੇ ਵਿੱਚ ਅਮਰ ਭਵ। ਅਮਰ ਰਹੋਂਗੇ ਨਾ! ਡਬਲ ਵਿਦੇਸ਼ੀ ਅਮਰ ਰਹਿਣਗੇ? ਭਾਰਤਵਾਸੀ ਵੀ ਰਹਿਣਗੇ ਨਾ? ਭਾਰਤ ਨੂੰ ਤਾਂ ਨੰਬਰ ਲੈਣਾ ਹੀ ਚਾਹੀਦਾ ਹੈ।

ਨਵੇਂ ਵਰ੍ਹੇ ਵਿੱਚ ਕੀ ਮਨਾਉਂਦੇ ਹੋ? ਇੱਕ ਤਾਂ ਗਿਫ਼ਟ ਦਿੰਦੇ ਅਤੇ ਦੂਸਰਾ ਗ੍ਰੀਟਿੰਗਜ਼ ਦਿੰਦੇ ਹਨ। ਮਿਠਾਈ ਖੂਬ ਖਾਂਦੇ ਖਵਾਉਂਦੇ ਹਨ। ਨੱਚਦੇ ਗਾਉਂਦੇ ਵੀ ਬਹੁਤ ਹਨ। ਤਾਂ ਤੁਸੀਂ ਸਿਰਫ਼ 12 ਦੇ ਬਾਦ ਇੱਕ ਦਿਨ ਨਵਾਂ ਸਾਲ ਨਹੀਂ ਮਨਾਉਣਾ ਪਰ ਬ੍ਰਾਹਮਣ ਬੱਚਿਆਂ ਦੇ ਲਈ ਇਸ ਨਵੇਂ ਯੁਗ ਵਿੱਚ ਹਰ ਘੜੀ ਨਵੀਂ ਹੈ, ਹਰ ਸਾਹ ਨਵਾਂ ਹੈ, ਹਰ ਸੰਕਲਪ ਨਵਾਂ ਹੈ, ਇਸਲਈ ਸਦਾ ਪੂਰੇ ਸਾਲ, ਇੱਕ ਦਿਨ ਨਹੀਂ, ਇੱਕ ਹਫ਼ਤਾ ਨਹੀਂ, ਇੱਕ ਮਹੀਨਾ ਨਹੀਂ, ਚਾਰ ਮਹਿਨੇ ਨਹੀਂ, ਅੱਠ ਮਹੀਨਾ ਨਹੀਂ, 12 ਹੀ ਮਹੀਨੇ ਸਦਾ ਇੱਕ ਦੋ ਨੂੰ ਦਿਲਖੁਸ਼ ਮਿਠਾਈ ਵੰਡਦੇ ਰਹਿਣਾ। ਵੰਡੋਗੇ ਨਾ! ਦਿਲਖੁਸ਼ ਮਿਠਾਈ ਵੰਡਣੀ ਆਉਂਦੀ ਹੈ ਨਾ? ਸਭ ਹੁਸ਼ਿਆਰ ਹਨ। ਤਾਂ ਦਿਲਖੁਸ਼ ਮਿਠਾਈ ਵੰਡਣਾ। ਕੋਈ ਤੁਹਾਡੀ ਦਿਲ ਖੁਸ਼ ਮਿਠਾਈ ਆਪਣੇ ਸੁਭਾਵ ਕਾਰਣ, ਸੰਸਕਾਰ ਕਾਰਣ, ਸਮੱਸਿਆਵਾਂ ਦੇ ਕਾਰਣ ਜੇਕਰ ਨਹੀਂ ਵੀ ਸਵੀਕਾਰ ਕਰੇ ਤਾਂ ਤੁਸੀਂ ਦਿਲਸ਼ਿਕਸ਼ਤ ਨਹੀਂ ਹੋਣਾ। ਤੁਸੀਂ ਵੰਡੀ, ਤੁਹਾਡਾ ਆਗਿਆਕਾਰੀ ਬਣਨ ਦਾ ਚਾਰਟ ਬਾਪ ਦੇ ਕੋਲ ਜਮਾਂ ਹੋ ਗਿਆ ਹੈ। ਇਹ ਨਹੀਂ ਦੇਖਣਾ ਕਿ ਮੈਂ ਤਾਂ ਦਿਲਖੁਸ਼ ਮਿਠਾਈ ਖਵਾਈ ਪਰ ਇਹ ਤਾਂ ਨਾਰਾਜ਼ ਹੋ ਗਿਆ, ਕੋਈ ਹਰਜ਼ਾ ਨਹੀਂ, ਉਹ ਰਾਜ਼ ਨੂੰ ਨਹੀਂ ਜਾਣਦਾ ਹੈ ਨਾ ਤਾਂ ਨਾਰਾਜ਼ ਹੋ ਗਿਆ। ਤੁਸੀਂ ਤਾਂ ਰਾਜ਼ ਨੂੰ ਜਾਣਦੇ ਹੋ ਨਾ! ਤਾਂ ਇਹ ਰਾਜ਼ ਵੀ ਜਾਣ ਲਵੋ ਕਿ ਇਹ ਹਿਸਾਬ - ਕਿਤਾਬ ਸਮੱਸਿਆ ਦੇ ਵਸ਼ ਹਨ। ਤੁਸੀਂ ਆਗਿਆਕਾਰੀ ਬਣੋ। ਠੀਕ ਹੈ ਨਾ! ਆਗਿਆਕਾਰੀ ਬਣਨਾ ਹੈ ਨਾ! ਇੱਥੇ ਤਾਂ ਹਾਂ ਬਹੁਤ ਚੰਗਾ ਕਰਦੇ ਹੋ, ਜੇਕਰ ਤੁਸੀ ਇੱਥੇ ਵੇਖੋ ਨਾ, ਹੱਥ ਵੀ ਬਹੁਤ ਚੰਗਾ ਹਿਲਾਉਂਦੇ ਹੋ, ਖੁਸ਼ ਕਰ ਦਿੰਦੇ ਹੋ। ਕੰਧੇ ਵੀ ਹਿਲਾਉਂਦੇ ਹੋ, ਹੱਥ ਵੀ ਹਿਲਾਉਂਦੇ ਹੋ, ਲੇਕਿਨ ਬਾਪਦਾਦਾ ਤੇ ਫਿਰ ਵੀ ਹੈ ਬੱਚੇ ਤੇ ਖੁਸ਼ ਰਹਿੰਦੇ ਹਨ। ਜਦੋਂ ਮੇਰਾ ਬੱਚਾ ਕਹਿ ਦਿੱਤਾ ਤਾਂ ਜੋ ਵੀ ਹੋਵੇ, ਜਿਵੇਂ ਵੀ ਹੋਵੇ, ਬਾਪ ਤਾਂ ਵੇਖ ਖੁਸ਼ ਹੁੰਦਾ ਹੀ ਹੈ। ਬਾਪ ਨੇ ਜ਼ੋ ਵਾਇਦਾ ਕੀਤਾ ਹੈ - ਕਿਵੇਂ ਵੀ ਲਾਇਕ ਬਣਾਕੇ ਨਾਲ ਲੈ ਜਾਣਾ ਹੈ। ਨਾਲ ਚਲਣਾ ਹੈ ਨਾ? ਨਾਲ ਚੱਲਣ ਲਈ ਤਿਆਰ ਹੋ? ਸਾਰੇ ਤਿਆਰ ਹੋ? ਏਵਰੇਡੀ ਹੋ? ਚੰਗਾ, ਏਵਰੇਡੀ ਵੀ ਹੋ, ਬਹੁਤ ਚੰਗਾ, ਐਵਰਹੈਪੀ ਵੀ ਹੋ? ਅਤੇ ਜਦੋਂ ਮਾਇਆ ਆ ਜਾਵੇਗੀ ਤਾਂ? ਫਿਰ ਥੋੜ੍ਹਾ - ਥੋੜ੍ਹਾ ਮਨ ਵਿਚ ਚਿਲਾਓਗੇ? ਬਾਬਾ ਮਾਇਆ ਆ ਗਈ, ਆ ਗਈ। ਚਿਲਾਉਣਾ ਨਹੀਂ, ਆਪਣੇ ਨੂੰ ਉਡਾ ਦੇਣਾ। ਮਾਇਆ ਹੇਠਾਂ ਰਹਿ ਜਾਵੇ ਤੁਸੀਂ ਉੱਪਰ ਉੱਡ ਜਾਵੋ ਤਾਂ ਮਾਇਆ ਵੇਖਦੀ ਰਹਿ ਜਾਵੇਗੀ। ਅੱਛਾ ਤਾਂ ਖੁਸ਼ੀ ਵਿੱਚ ਨੱਚਦੇ ਵੀ ਰਹਿਣਾ ਅਤੇ ਦਿਲਖੁਸ਼ ਮਿਠਾਈ ਵੰਡਦੇ ਵੀ ਰਹਿਣਾ। ਨਾਲ ਜੋ ਵੀ ਸੰਬੰਧ ਸੰਪਰਕ ਵਿਚ ਆਵੇ ਉਸ ਨੂੰ ਕੋਈ ਨਾ ਕੋਈ ਗਿਫ਼ਟ ਦੇਣਾ, ਕੋਈ ਹੱਥ ਖ਼ਾਲੀ ਨਾ ਜਾਵੇ, ਕਿਹੜੀ ਗਿਫ਼ਟ ਦਵੋਗੇ? ਤੁਹਾਡੇ ਕੋਲ ਗਿਫ਼ਟ ਤੇ ਬਹੁਤ ਹਨ। ਗਿਫ਼ਟ ਦਾ ਸਟਾਕ ਹੈ? ਤਾਂ ਦੇਣ ਵਿੱਚ ਕੰਜੂਸ ਨਹੀਂ ਬਣਨਾ, ਦਿੰਦੇ ਜਾਣਾ। ਫਰਾਕਦਿਲ ਬਣਨਾ, ਕਿਸੇ ਨੂੰ ਸ਼ਕਤੀ ਦਾ ਸਹਿਯੋਗ ਦਵੋ, ਸ਼ਕਤੀ ਦਾ ਵਾਇਬ੍ਰੇਸ਼ਨ ਦਵੋ, ਕਿਸੇ ਨੂੰ ਕਿਸੇ ਗੁਣ ਦੀ ਗਿਫ਼ਟ ਦਵੋ। ਮੂੰਹ ਨਾਲ ਨਹੀਂ ਆਪਣੇ ਚੇਹਰੇ ਅਤੇ ਚਲਣ ਨਾਲ ਦਵੋ। ਜੇਕਰ ਕੋਈ ਗੁਣ ਜਾਂ ਸ਼ਕਤੀ ਇੱਮਰਜ ਨਹੀਂ ਵੀ ਹੋਵੇ, ਤਾਂ ਘਟ ਤੋਂ ਘਟ ਛੋਟੀ ਜਿਹੀ ਸੌਗ਼ਾਤ ਵੀ ਦੇਣਾ, ਉਹ ਕਿਹੜੀ? ਸ਼ੁਭ ਭਾਵਨਾ ਅਤੇ ਸ਼ੁਭ ਕਾਮਨਾ ਦੀ। ਸ਼ੁਭ ਕਾਮਨਾ ਕਰੋ ਕਿ ਇਹ ਮੇਰਾ ਸਿਕੀਲੱਧਾ ਭਾਈ ਜਾਂ ਭੈਣ, ਸਿਕੀਲੱਧਾ ਸੋਚੋਗੇ ਤਾਂ ਅਸ਼ੁਭ ਭਾਵਨਾ ਤੋਂ ਸ਼ੁਭ ਭਾਵਨਾ ਬਣ ਜਾਵੇਗੀ। ਇਸ ਭਾਈ - ਭੈਣ ਦਾ ਵੀ ਉੱਡਦੀ ਕਲਾ ਦਾ ਪਾਰਟ ਹੋ ਜਾਵੇ, ਇਸ ਦੇ ਲਈ ਸਹਿਯੋਗ ਜਾਂ ਸ਼ੁਭ ਭਾਵਨਾ ਹੈ। ਕਈ ਬੱਚੇ ਕਹਿੰਦੇ ਹਨ ਕਿ ਅਸੀਂ ਦਿੰਦੇ ਹਾਂ ਉਹ ਲੈਂਦੇ ਨਹੀਂ ਹਨ। ਅੱਛਾ ਸ਼ੁਭ ਭਾਵਨਾ ਨਹੀਂ ਲੈਂਦੇ ਹਨ, ਕੁਝ ਤਾਂ ਦਿੰਦੇ ਹਨ ਨਾ। ਭਾਵੇਂ ਅਸ਼ੁਭ ਬੋਲ ਤੁਹਾਨੂੰ ਦਿੰਦੇ ਹਨ, ਅਸ਼ੁਭ ਵਾਇਬ੍ਰੇਸ਼ਨ ਤੁਹਾਨੂੰ ਦਿੰਦੇ ਹਨ, ਅਸ਼ੁਭ ਚਲਣ ਚਲਦੇ ਹਨ ਤਾਂ ਤੁਸੀਂ ਹੋ ਕੌਣ? ਤੁਹਾਡਾ ਆਕੂਪੇਸ਼ਨ ਕੀ ਹੈ? ਵਿਸ਼ਵ ਪਰਿਵਰਤਕ ਹੋ? ਤੁਹਾਡਾ ਧੰਧਾ ਕੀ ਹੈ? ਵਿਸ਼ਵ ਪਰਿਵਰਤਕ ਹੈ ਨਾ! ਤਾਂ ਵਿਸ਼ਵ ਨੂੰ ਪ੍ਰੀਵਰਤਨ ਕਰਦੇ ਹੋ ਅਤੇ ਉਸ ਨੇ ਜੇਕਰ ਤੁਹਾਨੂੰ ਉਲਟਾ ਬੋਲ ਦਿੱਤਾ, ਉਲਟਾ ਚਲਣ ਵਿਖਾਈ ਤਾਂ ਉਸ ਦਾ ਪਰਿਵਰਤਨ ਨਹੀਂ ਕਰ ਸਕਦੇ ਹੋ? ਪੋਜਿਟਿਵ ਰੂਪ ਵਿਚ ਪ੍ਰੀਵਰਤਨ ਨਹੀਂ ਕਰ ਸਕਦੇ ਹੋ? ਨੈਗੇਟਿਵ ਨੂੰ ਨੈਗੇਟਿਵ ਹੀ ਧਾਰਨ ਕਰੋਗੇ ਕਿ ਨੈਗੇਟਿਵ ਨੂੰ ਪੋਜਿਟਿਵ ਵਿੱਚ ਪ੍ਰੀਵਰਤਨ ਕਰ ਤੁਸੀਂ ਹਰ ਇੱਕ ਨੂੰ ਸ਼ੁਭ ਭਾਵਨਾ, ਸ਼ੁਭ ਕਾਮਨਾ ਦੀ ਗਿਫ਼ਟ ਦੇ ਸਕੋਗੇ। ਸ਼ੁਭ ਭਾਵਨਾ ਦਾ ਸਟਾਕ ਸਦਾ ਜਮਾ ਰੱਖੋ। ਤੁਸੀਂ ਦੇ ਦਵੋ। ਪ੍ਰੀਵਰਤਨ ਕਰ ਲਵੋ। ਤਾਂ ਤੁਹਾਡਾ ਟਾਇਟਲ ਜੋ ਵਿਸ਼ਵ ਪਰਿਵਰਤਕ ਦਾ ਹੈ ਉਹ ਪ੍ਰੈਕਟਿਕਲ ਵਿੱਚ ਯੂਜ ਹੁੰਦਾ ਜਾਵੇਗਾ। ਅਤੇ ਇਹ ਪੱਕਾ ਸਮਝ ਲੋ ਕਿ ਜ਼ੋ ਸਦਾ ਹਰ ਇੱਕ ਨੂੰ ਪਰਿਵਰਤਨ ਕਰ ਆਪਣਾ ਵਿਸ਼ਵ ਪਰਿਵਰਤਕ ਦਾ ਕੰਮ ਸਾਕਾਰ ਵਿਚ ਲਿਆਉਂਦਾ ਹੈ ਉਹ ਹੀ ਸਾਕਾਰ ਰੂਪ ਵਿੱਚ 21 ਜਨਮ ਦੀ ਗਰੰਟੀ ਨਾਲ ਰਾਜ ਅਧਿਕਾਰੀ ਬਣੇਗਾ। ਤਖ਼ਤ ਤੇ ਭਾਵੇਂ ਇੱਕ ਵਾਰੀ ਬੈਠੇਗਾ ਲੇਕਿਨ ਹਰ ਜਨਮ ਵਿੱਚ ਰਾਜ ਪਰਿਵਾਰ ਵਿਚ, ਰਾਜ ਅਧਿਕਾਰੀ ਆਤਮਾਵਾਂ ਦੇ ਨੇੜੇ ਸੰਬੰਧ ਵਿਚ ਹੋਵੇਗਾ। ਤਾਂ ਵਿਸ਼ਵ ਪਰਿਵਰਤਕ ਹੀ ਵਿਸ਼ਵ ਰਾਜ ਅਧਿਕਾਰੀ ਬਣਦਾ ਹੈ। ਇਸਲਈ ਸਦਾ ਇਹ ਆਪਣਾ ਆਕੂਪੇਸ਼ਨ ਯਾਦ ਰੱਖੋ - ਮੇਰਾ ਕਰਤਵਿਆ ਹੀ ਹੈ ਪਰਿਵਰਤਨ ਕਰਨਾ। ਦਾਤਾ ਦੇ ਬੱਚੇ ਹੋ ਤਾਂ ਦਾਤਾ ਬਣ ਦਿੰਦੇ ਚੱਲੋ, ਤਾਂ ਹੀ ਭਵਿੱਖ ਵਿੱਚ ਹੱਥ ਨਾਲ ਕਿਸੇਨੂੰ ਦੇਣਗੇ ਨਹੀਂ ਪਰ ਸਦਾ ਤੁਹਾਡੇ ਰਾਜ ਵਿੱਚ ਹਰ ਆਤਮ ਭਰਪੂਰ ਰਹੇਗੀ, ਇਸ ਇਸ ਸਮੇਂ ਦੇ ਦਾਤਾ ਬਣਨ ਦਾ ਪ੍ਰਾਲਬੱਧ ਹੈ। ਇਸਲਈ ਹਿਸਾਬ ਨਹੀਂ ਕਰਨਾ, ਇਸਨੇ ਇਹ ਕੀਤਾ, ਇਸਨੇ ਇੰਨੀ ਵਾਰ ਕੀਤਾ, ਮਾਸਟਰ ਦਾਤਾ ਬਣ ਗਿਫ਼੍ਰ ਦਿੰਦੇ ਜਾਓ। ਅਤੇ ਗ੍ਰੀਟਿੰਗਸ ਕੀ ਦਵੋਂਗੇ? ਦੇਖੋ ਕਿਸੇ ਨੂੰ ਵੀ, ਕਿਸੇ ਕੋਲੋਂ ਪ੍ਰਾਪਤੀ ਹੁੰਦੀ ਹੈ ਨਾ ਉਸਦੇ ਮੁਖ ਤੋਂ, ਮਨ ਤੋਂ ਇਹ ਹੀ ਸ਼ਬਦ ਨਿਕਲਦਾ ਹੈ ਕਿ ਤੁਹਾਨੂੰ ਮੁਬਾਰਕ ਹੋਵੇ, ਇੱਕ ਦੋ ਨੂੰ ਖੁਸ਼ੀ ਵੰਡਦੇ ਹੋ ਤਾਂ ਕਹਿੰਦੇ ਹਨ ਮੁਬਾਰਕ ਹੋਵੇ। ਉਤਸਵ ਮਨਾਉਂਦੇ ਹੋ ਤਾਂ ਕਹਿੰਦੇ ਹਨ ਮੁਬਾਰਕ ਹੋਵੇ। ਇਵੇਂ ਜੋ ਵੀ ਤੁਹਾਡੇ ਸਾਹਮਣੇ ਆਵੇ ਤਾਂ ਮੁਖ ਤੋਂ ਅਜਿਹੇ ਸ਼ਬਦ ਨਾ ਬੋਲੋ,

ਸੰਕਲਪ ਵਿੱਚ ਇਵੇਂ ਦੇ ਸ੍ਰੇਸ਼ਠ ਸੰਕਲਪ ਹੋਣ ਜੋ ਵੀ ਤੁਹਾਨੂੰ ਮਿਲੇ ਉਹ ਹਰ ਸਮੇਂ ਦਿਲ ਨਾਲ ਮੁਬਾਰਕ ਅਤੇ ਦੁਆਵਾਂ ਜਰੂਰ ਦਵੇਗਾ। ਤਾਂ ਸਦਾ ਇਵੇਂ ਦੇ ਬੋਲ ਬੋਲੋ, ਇਵੇਂ ਦਾ ਸੰਬੰਧ - ਸੰਪਰਕ ਵਿੱਚ ਆਓ ਜੋ ਦਿਲ ਨਾਲ, ਮੁਖ ਤੋਂ ਮੁਬਾਰਕ ਨਿਕਲੇ ਅਤੇ ਦੁਆਵਾਂ ਨਿਕਲਣ। ਅਜਿਹੇ ਸ਼ਬਦ ਨਹੀਂ ਕੱਡੋ ਜੋ ਮੁਬਾਰਕ ਲਾਇਕ ਨਹੀਂ ਹੋਣ। ਇੱਕ - ਇੱਕ ਬੋਲ ਜਿਵੇਂ ਰਤਨ ਹੋਵੇ। ਸਾਧਾਰਨ ਬੋਲ ਨਹੀਂ ਹੋਵੇ। ਬਾਪਦਾਦਾ ਨੇ ਹੁਣ ਤੱਕ ਰਿਜ਼ਲਟ ਵਿੱਚ ਦੇਖਿਆ ਹੈ, ਕਲ ਤਾਂ ਬਦਲ ਜਾਏਗਾ ਪਰ ਹੁਣ ਤੱਕ ਦੇਖਿਆ ਹੈ ਕਿ ਬੋਲ ਵਿੱਚ ਜੋ ਸਯੰਮ ਅਤੇ ਸਨੇਹ ਹੋਣਾ ਚਾਹੀਦਾ ਉਹ ਸਨੇਹ ਵੀ ਘੱਟ ਹੋ ਜਾਂਦਾ ਹੈ ਅਤੇ ਸੰਯਮ ਘੱਟ ਹੋ ਜਾਂਦਾ ਹੈ। ਇਸਲਈ ਅਜਿਹਾ ਬੋਲ ਬੋਲੋ ਜੋ ਰਤਨ ਹੋਵੇ। ਤੁਸੀਂ ਖੁਦ ਜਦੋਂ ਹੀਰੇ ਵਰਗੇ ਹੋ ਤਾਂ ਬੋਲ ਵੀ ਰਤਨ ਸਮਾਨ ਹੋਣ। ਇਵੇਂ ਦਾ ਮੁੱਲਵਾਨ ਹੋਵੇ। ਸਾਧਾਰਨ ਨਹੀਂ ਹੋਵੇ। ਨਾ ਸਾਧਾਰਨ ਹੋਵੇ, ਨਾ ਵਿਅਰਥ ਹੋਵੇ। ਅਤੇ ਕਦੀ - ਕਦੀ ਬਾਪਦਾਦਾ ਦੇਖਦੇ ਹਨ, ਰਿਜ਼ਲਟ ਸੁਨਾਯੀਏ, ਕਿਉਂਕਿ 12 ਵਜੇ ਦੇ ਬਾਦ ਸਭ ਖ਼ਤਮ ਕਰਨਾ ਹੈ! ਤਾਂ ਬਾਪਦਾਦਾ ਨੇ ਇਹ ਵੀ ਦੇਖਿਆ ਹੈ ਕਈ -ਕਈ ਬੱਚੇ ਛੋਟੀ ਜਿਹੀ ਗੱਲ ਦਾ ਵਿਸਤਾਰ ਬਹੁਤ ਕਰਦੇ ਹਨ, ਇਸ ਵਿੱਚ ਕੀ ਹੁੰਦਾ ਹੈ, ਜੋ ਜ਼ਿਆਦਾ ਬੋਲਦਾ ਹੈ ਨਾ ਤਾਂ ਜਿਵੇਂ ਵਰੀਕ੍ਸ਼ ਦਾ ਵਿਸਤਾਰ ਹੁੰਦਾ ਹੈ ਉਸ ਵਿੱਚ ਬੀਜ਼ ਲੁਕ ਜਾਂਦਾ ਹੈ, ਉਹ ਇਵੇਂ ਸਮਝਦੇ ਹਨ ਕਿ ਅਸੀਂ ਸਮਝਾਉਣ ਦੇ ਲਈ ਵਿਸਤਾਰ ਕਰ ਰਹੇ ਹਾਂ, ਪਰ ਵਿਸਤਾਰ ਵਿੱਚ ਜੋ ਗੱਲ ਤੁਸੀਂ ਸਮਝਣਾ ਚਾਹੁੰਦੇ ਹੋ ਨਾ ਉਸਦਾ ਸਾਰ ਛਿਪ ਜਾਂਦਾ ਹੈ ਅਤੇ ਬੋਲ, ਵਾਣੀ ਦੀ ਵੀ ਐਨਰਜੀ ਹੁੰਦੀ ਹੈ। ਜੋ ਵੇਸ੍ਟ ਬੋਲ ਹੁੰਦੇ ਹਨ ਤਾਂ ਵਾਣੀ ਦੀ ਐਨਰਜ਼ੀ ਘੱਟ ਹੋ ਜਾਂਦੀ ਹੈ। ਜ਼ਿਆਦਾ ਬੋਲਣ ਵਾਲੇ ਦੀ ਦਿਮਾਗ ਦੀ ਐਨਰਜੀ ਵੀ ਘੱਟ ਹੋ ਜਾਂਦੀ ਹੈ। ਸ਼ਾਰਟ ਅਤੇ ਸਵੀਟ ਇਹ ਦੋਨੋਂ ਸ਼ਬਦ ਯਾਦ ਰੱਖੋ। ਹੋਰ ਕੋਈ ਸੁਣਾਉਂਦਾ ਹੈ ਤਾਂ ਕਹਿ ਦਿੰਦੇ ਹਨ ਕਿ ਮੈਨੂੰ ਇਤਨਾ ਸੁਣਨ ਦੀ ਟਾਇਮ ਨਹੀਂ ਹੈ। ਪਰ ਜਦੋਂ ਖੁਦ ਸੁਣਾਉਂਦੇ ਹਨ ਤਾਂ ਟਾਇਮ ਭੁੱਲ ਜਾਂਦੇ ਹਨ। ਇਸਲਈ, ਆਪਣੇ ਖਜ਼ਾਨਿਆਂ ਦਾ ਸਟਾਕ ਜਮਾਂ ਕਰੋ। ਸੰਕਲਪ ਦਾ ਖਜ਼ਾਨਾ ਜਮਾਂ ਕਰੋ, ਬੋਲ ਦਾ ਖਜ਼ਾਨਾ ਜਮਾਂ ਕਰੋ, ਸ਼ਕਤੀਆਂ ਦਾ ਖਜ਼ਾਨਾ ਜਮਾਂ ਕਰੋ, ਸਮੇਂ ਦਾ ਖਜ਼ਾਨਾ ਜਮਾਂ ਕਰੋ, ਗੁਣਾਂ ਦਾ ਖਜ਼ਾਨਾ ਜਮਾਂ ਕਰੋ। ਰੋਜ਼ ਰਾਤ ਨੂੰ ਆਪਣੇ ਇਹਨਾਂ ਖਜ਼ਾਨਿਆਂ ਦੇ ਬੱਚਤ ਦਾ ਪੋਤਾਮੇਲ ਚੈਕ ਕਰੋ। ਕਿੰਨੇ ਸੰਕਲਪ ਵੇਸ੍ਟ ਦੀ ਬਜਾਏ ਬੈਸਟ ਦੇ ਖਾਤੇ ਵਿੱਚ ਜਮਾਂ ਕੀਤੇ? ਕਿੰਨਾ ਸਮਾਂ ਵੇਸ੍ਟ ਦੇ ਖਾਤੇ ਵਿੱਚ ਜਮਾਂ ਕੀਤਾ? ਗੁਣ ਅਤੇ ਸ਼ਕਤੀਆਂ ਨਾਲ ਸ੍ਰੇਸ਼ਠ ਕੰਮ ਕੀਤਾ? ਗੁਣ ਨੂੰ ਕੰਮ ਵਿੱਚ ਲਗਾਇਆ? ਸ਼ਕਤੀ ਨੂੰ ਕੰਮ ਵਿੱਚ ਲਗਾਇਆ? ਇਹ ਹੈ ਜਮਾਂ ਕਰਨਾ। ਤਾਂ ਸਭ ਸੰਕਲਪ, ਸਮੇਂ, ਗੁਣ, ਸ਼ਕਤੀ ਇਸਦਾ ਪੋਤਾਮੇਲ ਰੋਜ਼ ਰਾਤ੍ਰੀ ਨੂੰ ਚੈਕ ਕਰੋ ਫਿਰ ਟੋਟਲ ਕਰੋ ਕਿੰਨਾ ਬੱਚਤ ਖਾਤਾ ਹੋਇਆ? ਇਹ ਹੀ ਬੱਚਤ ਖੁਦ ਨੂੰ ਸਹਿਯੋਗ ਦਿੰਦੀ ਰਹੇਗੀ ਅਤੇ ਹੋਰਾਂ ਨੂੰ ਵੀ ਦਵੇਗੀ। ਤਾਂ ਸਮਝਿਆ -ਕੀ ਕਰਨਾ ਹੈ? ਸਭ ਪੁੱਛਦੇ ਹਨ ਨਾ ਕੀ ਕਰਨਾ ਹੈ। ਤਾਂ ਹੁਣ ਇਹ ਕਰਨਾ ਹੈ। ਗ੍ਰੀਟਿੰਗਜ਼ ਵੀ ਲੈਣਾ ਹੈ, ਗਿਫਟ ਵੀ ਦੇਣੀ ਹੈ, ਜਮਾ ਵੀ ਕਰਨਾ ਹੈ ਅਤੇ ਮਿਹਨਤ ਨੂੰ ਛੱਡਣਾ ਹੈ। ਜਦੋਂ ਬੱਚਤ ਦੇ ਉੱਪਰ ਧਿਆਨ ਦੇਣਗੇ ਤਾਂ ਮਿਹਨਤ ਨਹੀਂ ਕਰਨੀ ਪਵੇਗੀ। ਮਿਹਨਤ ਮੁਕਤ ਵਰ੍ਹਾ ਧੂਮਧਾਮ ਨਾਲ ਮਨਾਓ। ਵੇਸ੍ਟ ਅਤੇ ਨੇਗਟਿਵ ਮੁਕਤ ਵਰ੍ਹੇ ਮਨਾਓ। ਬਾਪਦਾਦਾ ਮੁਕਤੀ ਵਰ੍ਹੇ ਦੀ ਰਿਜ਼ਲਟ ਹੁਣ ਨਹੀਂ ਪੁੱਛ ਰਹੇ ਹਨ, ਬਾਪਦਾਦਾ ਨੂੰ ਯਾਦ ਹੈ। ਰਿਜ਼ਲਟ ਲੈਣਗੇ ਕਿ ਕਿੰਨੀਆਂ ਨੇ ਮੁਕਤੀ ਵਰ੍ਹਾ ਮਨਾਇਆ? 6 ਮਹੀਨੇ ਮਨਾਇਆ, ਅੱਧਾ ਮਨਾਇਆ, ਪੂਰਾ ਮਨਾਇਆ -ਪੂਰਾ ਮਨਾਇਆ - ਇਹ ਸਭ ਹਿਸਾਬ ਲੈਣਗੇ? ਅੱਛਾ।

ਚਾਰੋਂ ਪਾਸੇ ਦੇ ਅਤਿ ਸਨੇਹੀ ਸਮੀਪ ਬ੍ਰਾਹਮਣ ਆਤਮਾਵਾਂ ਨੂੰ ਨਵੇਂ ਯੁਗ ਦੇ ਰਚਤਾ ਦੀ ਮੁਬਾਰਕ ਹੋ, ਮੁਬਾਰਕ ਹੋ, ਮੁਬਾਰਕ ਹੋ। ਇਹ ਘੜੀ ਹੈ ਵਿਦਾਈ ਅਤੇ ਵਧਾਈ ਦੀ। ਸੰਗਮ ਹੈ। ਪੁਰਾਣੇ ਵਰ੍ਹੇ ਨੂੰ ਵਧਾਈ, ਪੁਰਾਣੇ ਵਰ੍ਹੇ ਦੇ ਨਾਲ - ਨਾਲ ਪੁਰਾਣੀਆਂ ਗੱਲਾਂ, ਪੁਰਾਣੀ ਸਮੱਸਿਆਵਾਂ ਸਭਨੂੰ ਵਿਦਾਈ ਅਤੇ ਨਵੇਂ ਉਮੰਗ - ਉਤਸ਼ਾਹ ਸੰਪੰਨ ਵਰ੍ਹੇ ਨੂੰ ਮੁਬਾਰਕ ਦੇ ਨਾਲ ਵਧਾਈ ਵੀ ਹੈ। ਇਸ ਵਰ੍ਹੇ ਨੂੰ ਸਦਾ ਮਿਹਨਤ ਮੁਕਤ ਵਰ੍ਹਾ ਮਨਾਉਣਾ ਹੈ। ਇਸ ਵਰ੍ਹੇ ਨੂੰ ਸਦਾ ਖੁਦ ਅਤੇ ਸਰਵ ਨੂੰ ਨਿਰਵਿਘਣ ਭਵ ਦੇ ਵਰਦਾਨ ਨਾਲ ਮਨਾਉਣਾ ਹੈ। ਇਸ ਵਰ੍ਹੇ ਨੂੰ ਸਦਾ ਵਿਜੇ ਸਾਡਾ ਜਨਮ ਸਿੱਧ ਅਧਿਕਾਰ ਹੈ, ਇਸ ਨਿਸ਼ਚੇ ਅਤੇ ਨਸ਼ੇ ਨੂੰ ਸਦਾ ਹਰ ਕਰਮ ਕਰਦੇ ਵੀ ਇਮਰਜ਼ ਰੱਖਣ ਦਾ ਵਰ੍ਹਾ ਮਨਾਇਆ। ਇਸ ਵਰ੍ਹੇ ਵਿੱਚ ਹਰ ਇੱਕ ਨੂੰ ਬਾਪਦਾਦਾ ਅਤੇ ਦਾਦੀਆਂ ਦਵਾਰਾ ਨੰਬਰਵਨ ਜਾਣ ਦਾ ਇਨਾਮ ਅਤੇ ਗਿਫ਼੍ਰ ਲੈਣੀ ਹੈ, ਇਸਦੇ ਲਈ ਸਭ ਵਿਦੇਸ਼ੀ ਅਤੇ ਭਾਰਤਵਾਸੀਆਂ ਨੂੰ ਨੰਬਰਵਨ ਦਾ ਨਿਸ਼ਚੇ ਰੱਖ ਅੱਗੇ ਵਧਣਾ ਅਤੇ ਵਧਾਉਣਾ ਹੈ। ਤਾਂ ਬਹੁਤ -ਬਹੁਤ ਯਾਦਪਿਆਰ ਸਹਿਤ ਸਭ ਤਰ੍ਹਾਂ ਦੀ ਮਨਸਾ ਨਾਲ, ਵਾਚਾ ਨਾਲ, ਸਭ ਰੂਪ ਨਾਲ ਬਾਪਦਾਦਾ ਪਦਮਾਪਦਮ ਗੁਣਾਂ ਮੁਬਾਰਕ ਦੇ ਰਹੇ ਹਨ। ਹੁਣ ਇੱਕ ਸੈਕਿੰਡ ਸਭ ਪਾਵਰਫੁੱਲ ਸੰਕਲਪ ਨਾਲ, ਦ੍ਰਿੜ੍ਹਤਾ ਨਾਲ ਪੁਰਾਣੇ ਵਸਤੂਆਂ ਨੂੰ, ਪੁਰਾਣੇ ਵਰ੍ਹੇ ਨੂੰ ਪੁਰਾਣੀਆਂ ਗੱਲਾਂ ਨੂੰ ਸਦਾ ਦੇ ਲਈ ਵਿਦਾਈ ਦਵੋ। ਇੱਕ ਸੈਕਿੰਡ ਸਭ - ਦ੍ਰਿੜ੍ਹਤਾ ਸਫ਼ਲਤਾ ਹੈ, ਇਸ ਦ੍ਰਿੜ੍ਹ ਸੰਕਲਪ ਵਿੱਚ ਸਥਿਤ ਹੋ ਜਾਓ। ਅੱਛਾ, ਓਮ ਸ਼ਾਂਤੀ।

ਵਰਦਾਨ:- ਟੈਨਸ਼ਨ ਨਾਲ ਪ੍ਰੇਸ਼ਾਨ ਆਤਮਾਵਾਂ ਨੂੰ ਹਿੰਮਤ ਦੇਕੇ ਅੱਗੇ ਵਧਾਉਣ ਵਾਲੇ ਮਾਸਟਰ ਰਹਿਮਦਿਲ ਭਵ

ਵਰਤਮਾਨ ਸਮੇਂ ਬਹੁਤ ਸਾਰੀਆਂ ਆਤਮਾਵਾਂ ਅੰਦਰ ਟੇਸ਼ਨ ਨਾਲ ਬਹੁਤ ਪਰੇਸ਼ਾਨ ਹਨ, ਵਿਚਾਰਿਆਂ ਵਿੱਚ ਅੱਗੇ ਵਧਣ ਦੀ ਹਿੰਮਤ ਨਹੀਂ ਹੈ। ਤੁਸੀਂ ਉਹਨਾਂ ਨੂੰ ਹਿੰਮਤ ਦਵੋ। ਜਿਵੇਂ ਕਿਸੇ ਦੀ ਲੱਤ ਨਹੀਂ ਹੁੰਦੀ ਤਾਂ ਲਕੜੀ ਦੀ ਲੱਤ ਬਣਾਕੇ ਦਿੰਦੇ ਹਨ ਤਾਂ ਚੱਲਣ ਲੱਗਦਾ ਹੈ। ਇਵੇਂ ਤੁਸੀਂ ਹਿੰਮਤ ਦੀ ਲੱਤ ਦਵੋ, ਕਿਉਂਕਿ ਬਾਪਦਾਦਾ ਦੇਖਦੇ ਹਨ ਅਗਿਆਨੀ ਬੱਚਿਆਂ ਦੇ ਅੰਦਰ ਕੀ ਹਾਲ ਹੈ, ਬਾਹਰ ਦਾ ਸ਼ੋ ਤਾਂ ਬਹੁਤ ਵਧੀਆ ਟਿਪਟਾਪ ਹੈ ਪਰ ਅੰਦਰ ਬਹੁਤ ਦੁੱਖੀ ਹਨ ਤਾਂ ਮਾਸਟਰ ਰਹਿਮਦਿਲ ਬਣੋ।

ਸਲੋਗਨ:- ਨਿਰਮਾਣ ਬਣੋ, ਕੋਮਲ ਨਹੀਂ, ਨਿਰਮਾਣਤਾ ਹੀ ਮਹਾਨਤਾ ਹੈ।

******

**ਸੂਚਨਾ:-** ਅੱਜ ਮਹੀਨੇ ਦਾ ਤੀਸਰਾ ਰਵਿਵਾਰ ਅੰਤਰਰਾਸ਼ਟਰੀ ਯੋਗ ਦਿਵਸ ਹੈ, ਸਭ ਬ੍ਰਹਮਾ ਵਤਸ ਸੰਗਠਿਤ ਰੂਪ ਵਿੱਚ ਸ਼ਾਮ 6:30 ਤੋਂ 7:30 ਤੱਕ ਵਿਸ਼ੇਸ਼ ਆਪਣੇ ਲਾਇਟ ਮਾਇਟ ਸਵਰੂਪ ਵਿੱਚ ਸਥਿਤ ਹੋਵੋ, ਗਿਆਨ ਸੂਰਜ ਬਾਪ ਦੀਆਂ ਕਿਰਨਾਂ ਦੇ ਥੱਲੇ ਬੈਠ ਪੂਰੇ ਗਲੋਬ ਨੂੰ ਸ਼ਾਂਤੀ ਦੀ ਸ਼ਕਤੀ ਅਤੇ ਪਵਿੱਤਰਤਾ ਦੀ ਸਕਾਸ਼ ਦੇਣ ਦੀ ਸੇਵਾ ਕਰੋ।